ਵਲੋਂ

ਡਾਇਰੈਕਟਰ,ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ,
(ਤਕਨੀਕੀ ਸਿੱਖਿਆ ਵਿੰਗ) ਚੰਡੀਗੜ੍ਹ।

ਸੇਵਾ ਵਿਚ

ਸਮੂਹ ਸੈਕਸ਼ਨਿੰਗ ਅਥਾਰਟੀਜ।

ਮੀਮੋ ਨੰ: ਸਕਾਲਰਸ਼ਿਪ ਮਿਤੀ:

ਵਿਸ਼ਾ:- ਆਸ਼ੀਰਵਾਦ ਵੈਬ ਪੋਰਟਲ ਸਾਲ (2014-15) ਤੇ ਐਸ.ਸੀ./ਓ.ਬੀ.ਸੀ. ਲਾਭਪਾਤਰੀਆਂ ਦੇ ਬੈਕ ਖਾਤੇ ਅਧਾਰ ਕਾਰਡ ਨਾਲ ਲਿੰਕ ਕਰਕੇ ਸੂਚਨਾ ਭੇਜਣ ਸਬੰਧੀ।

ਹਵਾਲਾ: ਇਸ ਦਫਤਰ ਦੇ ਪੱਤਰ ਨੰ 637 ਮਿਤੀ: 21.10.10 ਦੀ ਲਗਾਤਾਰਤਾ ਵਿਚ ਉਪਰੋਕਤ ਵਿਸ਼ੇ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਆਪ ਨੂੰ ਪਹਿਲਾ ਵੀ ਇਸ ਦਫਤਰ ਦੇ ਹਵਾਲੇ ਵਿਚ ਦਰਜ ਪੱਤਰ ਰਾਹੀ ਹਦਾਇਤ ਕੀਤੀ ਗਈ ਸੀ ਕਿ ਆਪ ਦੇ ਕਾਲਜ ਅਤੇ ਆਪਣੇ ਅਧੀਨ ਆਉਦੇ ਜਿਲਿਆ ਵਿਚ ਸਥਿੱਤ ਕਾਲਜਾ ਨੂੰ ਹਦਾਇਤ ਕੀਤੀ ਜਾਵੇ ਕਿ ਐਸ.ਸੀ./ਓ.ਬੀ.ਸੀ ਵਿਦਿਆਰਥੀਆਂ ਦੇ ਕਲੇਮਾ ਵਿੱਚ 100% ਯੂ.ਆਈ.ਡੀ. ਸੀਡਿੰਗ (ਵਿਦਿਆਰਥੀਆਂ ਦੇ ਅਧਾਰਕਾਰਡ ਬੈਕ ਅਕਾਊਟ ਨਾਲ ਲਿੰਕ ਕਰਨਾ) ਕੀਤੀ ਜਾਵੇ ਪ੍ਰੰਤੂ ਵੈਬ ਪੋਰਟਲ ਤੇ ਪ੍ਰਾਪਤ ਰਿਪੋਰਟਾ (ਕਾਪੀਆਂ ਨੱਥੀ ਹਨ) ਅਨੁਸਾਰ ਯੂ.ਆਈ.ਡੀ. ਦੀ ਸੀਡਿੰਗ ਬਹੁਤ ਹੀ ਘੱਟ ਹੋਈ ਹੈ ਜਿਸਦਾ ਸੈਕਟਰੀ (ਖਰਚਾ) ਜੀ ਵਲੋ ਮਿਤੀ 22.10.14 ਨੂੰ ਹੋਈ ਮੀਟਿੰਗ ਵਿਚ ਗੰਭੀਰ ਨੋਟਿਸ ਲਿਆ ਗਿਆ ਹੈ। ਅਤੇ ਦੱਸਿਆ ਗਿਆ ਹੈ ਕਿ ਪੰਜਾਬ ਰਾਜ ਵਾਸੀਆ ਦੇ ਲਗਭਗ 80 ਤੋ 85% ਅਧਾਰ ਕਾਰਡ ਬਣ ਚੁੱਕੇ ਹਨ ਪ੍ਰੰਤੂ ਯੂ.ਆਈ.ਡੀ. ਦੀ ਸੂਚਨਾ ਪੋਰਟਲ ਤੇ ਇੰਨੀ ਘੱਟ ਕਿਉ ਹੈ ਇਸ ਤੋ ਇਲਾਵਾ ਇਹ ਵੀ ਦੇਖਣ ਵਿਚ ਆਇਆ ਹੈ ਕਿ ਵੈਬਪੋਟਲ ਤੇ ਵਿਦਿਆਰਥੀਆਂ ਵਲੋ ਅਧਾਰ ਕਾਰਡ ਤਾ ਬਣਾ ਲਿਆ ਹੈ ਪਰ ਉਸ ਨੂੰ ਆਪਣੇ ਬੈਕ ਅਕਾਊਟ ਨਾਲ ਲਿੰਕ ਨਹੀ ਕੀਤਾ ਗਿਆ ਇਸ ਸਬੰਧੀ ਮਾਨਯੋਗ ਡੀ.ਟੀ.ਈ ਐਡ ਆਈ.ਟੀ.ਜੀ ਵਲੋ ਗੰਭੀਰ ਨੋਟਿਸ ਲਿਆ ਗਿਆ ਹੈ।ਇਸ ਲਈ ਆਪ ਨੂੰ ਹਦਾਇਤ ਕੀਤੀ ਜਾਦੀ ਹੈ ਕਿ ਕਲੇਮ ਚੈਕ ਕਰਦੇ ਹੋਏ ਅਧਾਰ ਕਾਰਡ ਨੂੰ ਪਹਿਲ ਦੇ ਅਧਾਰ ਦੇ ਚੈਕ ਕਰਨ ਉਪਰੰਤ ਹੀ ਕੇਸ ਲਾਈਨ ਵਿਭਾਗ ਨੂੰ ਫਾਰਵਰਡ ਕੀਤੇ ਜਾਣ। ਸੰਸਥਾਵਾਂ ਦੇ ਯੋਗ ਐਸ.ਸੀ./ਓ.ਬੀ.ਸੀ ਵਿਦਿਆਰਥੀਆਂ ਦੇ ਯੂ.ਆਈ.ਡੀ 10 ਦਿਨਾ ਦੇ ਅੰਦਰ ਅੰਦਰ 100% ਵਿਦਿਆਰਥੀਆਂ ਦੇ ਬੈਕ ਖਾਤਿਆ ਨਾਲ ਅਧਾਰ ਕਾਰਡ ਲਿੰਕ ਕਰਕੇ ਆਪਣੀ ਕੰਪਲਾਇਸ ਰਿਪੋਰਟ ਇਸ ਵਿਭਾਗ ਦੀ ਈ-ਮੇਲ dtescholoarship@yahoo.com ਤੇ ਸੂਚਿਤ ਕੀਤਾ ਜਾਵੇ ਅਤੇ ਜਿੰਨਾਂ ਵਿਦਿਆਰਥੀਆਂ ਦੇ ਪਹਿਲਾ ਯੂ.ਆਈ.ਡੀ. ਲਿੰਕ ਕਰਨ ਤੋ ਰਹਿ ਗਏ ਹੋਣ ਉਹਨਾਂ ਦੇ ਯੂ.ਆਈ.ਡੀ ਵੀ ਲਿੰਕ ਕੀਤੇ ਜਾਣ।ਜੇਕਰ ਐਸ.ਸੀ./ਓ.ਬੀ.ਸੀ. ਵਿਦਿਆਰਥੀਆ ਦੇ ਅਧਾਰ ਕਾਰਡ ਸਬੰਧੀ ਕੋਈ ਮੁਸ਼ਕਿਲ ਆਉਦੀ ਹੈ ਤਾਂ ਤੁਰੰਤ ਫੋਨ ਨੰਬਰ 0172-5022338, 5049523,5022323 ਤੇ ਸਪੰਰਕ ਕੀਤਾ ਜਾਵੇ।

ਨੱਥੀ/ ਉਪਰੋਕਤ ਅਨੁਸਾਰ

ਵਧੀਕ ਡਾਇਰੈਕਟਰ,
ਵਾ:ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ

ਪਿੱਠ ਅੰਕਣ ਨੰ: 637-639 ਸਕਾਲਰਸ਼ਿਪ / ਮਿਤੀ: 28/10/14

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਭੇਜਿਆਂ ਜਾਂਦਾ ਹੈ :--

1. ਰਜਿਸਟਰਾਰ, ਯੂ.ਆਈ.ਡੀ. ਪੰਜਾਬ, ਗੋਰਮਿੰਟ ਆਫ ਪੰਜਾਬ, ਤੀਜੀ ਮੰਜਿਲ, ਜੀਵਨਦੀਪ ਬਿਲਡਿੰਗ, ਸੈਕਟਰ - 17 ਬੀ, ਚੰਡੀਗੜ੍ਹ ਨੂੰ ਮਿਤੀ: 20.10.2014 ਨੂੰ ਪ੍ਰਾਪਤ ਹੋਈ ਈ.ਮੇਲ ਅਤੇ ਇਸ ਦਫਤਰ ਦੇ ਪੱਤਰ ਨੰ 638 -40 ਮਿਤੀ:21.10.14 ਦੀ ਲਗਾਤਾਰਤਾ ਵਿਚ।
2. ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ, ਭਲਾਈ ਵਿਭਾਗ, ਪੰਜਾਬ, ਐਸ.ਸੀ.ਓ.ਨੰ:128-129, ਸੈਕਟਰ-34ਏ, ਚੰਡੀਗੜ੍ਹ ਇਸ ਦਫਤਰ ਦੇ ਪੱਤਰ ਨੰ: 638-40 ਮਿਤੀ: 21.10.14 ਦੀ ਲਗਾਤਾਰਤਾ ਵਿਚ।
3. ਪ੍ਰੋਗਰਾਮਰ, ਮੁੱਖ ਦਫਤਰ ਨੂੰ ਵਿਭਾਗ ਦੀ ਵੈਬਸਾਈਟ ਤੇ ਪਾਉਣ ਹਿੱਤ।

28/10/2014

ਵਧੀਕ ਡਾਇਰੈਕਟਰ,
ਵਾ:ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ